ਅੱਗ ਤੋਂ ਸੁਰੱਖਿਆ ਲਈ ਸੁਝਾਅ

# ਕਿਰਾਏਦਾਰ ਸਬੰਧੀ ਅੱਗ ਤੋਂ ਸੁਰੱਖਿਆ

## ਅਧਿਕਾਰ ਅਤੇ ਜ਼ਿੰਮੇਵਾਰੀਆਂ



## ਜਦੋਂ ਅੱਗ ਤੋਂ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਸਾਡੀ ਸਭ ਦੀ ਜ਼ਿੰਮੇਵਾਰੀ ਬਣਦੀ ਹੈ।

ਬਾਇ-ਲਾਅ ਦੇ ਮੁਤਾਬਿਕ, ਮਕਾਨ ਮਾਲਕਾਂ ਲਈ ਚਾਲੂ ਧੂੰਏਂ ਦੇ ਅਲਾਰਮ ਲਗਾਉਣਾ ਅਤੇ ਉਹਨਾਂ ਦੀ ਸੰਭਾਲ ਕਰਨਾ ਜ਼ਰੂਰੀ ਹੈ।

ਜੇਕਰ ਧੂੰਏਂ ਦਾ ਅਲਾਰਮ ਨਾ ਲੱਗਿਆ ਹੋਵੇ ਜਾਂ ਚਾਲੂ ਨਾ ਹੋਵੇ ਤਾਂ ਕਿਰਾਏਦਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਕਾਨ ਮਾਲਕ ਨੂੰ ਸੂਚਿਤ ਕਰਨ।

ਕਿਸੇ ਵੀ ਵਿਅਕਤੀ ਵੱਲੋਂ ਧੂੰਏਂ ਦੇ ਅਲਾਰਮ ਦੀਆਂ ਬੈਟਰੀਆਂ ਹਟਾਉਣਾ, ਉਹਨਾਂ ਨਾਲ ਛੇੜਛਾੜ ਕਰਨਾ ਜਾਂ ਉਹਨਾਂ ਨੂੰ ਡਿਸਕਨੈਕਟ ਕਰਨਾ ਗੈਰ-ਕਨੂੰਨੀ ਹੈ।

ਕਿਰਾਏਦਾਰਾਂ ਨੂੰ ਇਹ ਯਕੀਨੀ ਬਣਾਉਣ ਲਈ ਆਪਣੇ ਧੂੰਏਂ ਦੇ ਅਤੇ ਕਾਰਬਨ ਮੋਨੋਆਕਸਾਈਡ ਅਲਾਰਮਾਂ ਨੂੰ ਟੈਸਟ ਕਰਨਾ ਚਾਹੀਦਾ ਹੈ ਕਿ ਉਹ ਚਾਲੂ ਹਨ। ਸੋਧ ਲਈ ਮਕਾਨ ਮਾਲਕ ਨੂੰ ਕਿਸੇ ਵੀ ਚਿੰਤਾਵਾਂ ਦੀ ਰਿਪੋਰਟ ਕਰੋ।

## ਕਿਰਾਏਦਾਰ ਆਪਣੇ ਘਰਾਂ ਨੂੰ ਅੱਗ ਤੋਂ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦੇ ਹਨ।

ਯਕੀਨੀ ਬਣਾਓ ਕਿ ਬਾਹਰ ਦੇ ਸਾਰੇ ਰਸਤੇ ਖਾਲੀ ਹਨ ਅਤੇ ਉੱਥੇ ਚੀਜ਼ਾਂ ਅਤੇ ਕੂੜਾ ਨਹੀਂ ਹੈ।

ਬਿਜਲੀ ਦੇ ਆਉਟਲੈਟਾਂ ਨੂੰ ਓਵਰਲੋਡ ਨਾ ਕਰੋ। ਐਕਸਟੈਨਸ਼ਨ ਤਾਰਾਂ ਨੂੰ ਸਥਾਈ ਪਾਵਰ ਕਨੈਕਸ਼ਨਾਂ ਵਜੋਂ ਨਾ ਵਰਤੋ।

ਇਹ ਯਕੀਨੀ ਬਣਾਉਣ ਲਈ ਚੈਕ ਕਰੋ ਕਿ ਸਾਰੇ ਦਰਵਾਜੇ ਸੁਰੱਖਿਅਤ ਰੂਪ ਨਾਲ ਬੰਦ ਹਨ ਅਤੇ ਚਾਬੀ ਵਰਤੇ ਬਿਨਾਂ ਅਸਾਨੀ ਨਾਲ ਖੁੱਲ੍ਹਦੇ ਹਨ।

ਕਿਸੇ ਬਿਲਡਿੰਗ ਦੇ ਅੰਦਰ ਜਲਨ ਵਾਲੇ ਤਰਲ ਪਦਾਰਥ ਜਾਂ ਪ੍ਰੋਪੇਨ ਟੈਂਕ ਸਟੋਰ ਨਾ ਕਰੋ।

ਭੱਠੀਆਂ ਅਤੇ ਪਾਣੀ ਦੇ ਹੀਟਰਾਂ ਦੇ ਨੇੜੇ ਚੀਜ਼ਾਂ ਸਟੋਰ ਨਾ ਕਰੋ।

ਡ੍ਰਾਇਰ ਰੋਸ਼ਨਦਾਨਾਂ ਨੂੰ ਲਿੰਟ ਤੋਂ ਮੁਕਤ ਰੱਖੋ।

WELLAND

**Welland Fire & Emergency Services**

Welland Fire and Emergency Services
Fire Prevention Division
400 East Main Street, City of Welland, Ontario
905-735-1700 x2488
fireprevention@welland.ca
www.welland.ca/fire

@WellandFire

Translation courtesy of Mississauga Fire and Emergency Services
MISSISSAUGA